## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ ਸਿ), ਪੰਜਾਬ, ਐਸ.ਏ.ਐਸ.ਨਗਰ।

ਹੁਕਮ ਨੰ: (110) 8/84-14 ਅ 3(2) ਕੋ:ਸੈ:(4)
ਮਿਤੀ, ਐਸ.ਏ.ਐਸ.ਨਗਰ : 23-01-2015

ਇਸ ਦਫਤਰ ਦੇ ਹੁਕਮ ਨੰ: 8/84-14 ਅ 3(2) ਮਿਤੀ 25-03-14/17-04-14 ਰਾਹੀਂ ਸ਼੍ਰੀਮਤੀ ਸੰਤੋਸ਼ ਕੁਮਾਰੀ, ਸ.ਸ ਮਿਸਟ੍ਰੈਸ, ਸਰਕਾਰੀ ਮਿਡਲ ਸਕੂਲ ਪੰਡੋਰੀ ਕੰਪ: ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਮੀਣ ਜ਼ਿਲ੍ਹਾ ਹੁਸ਼ਿਆਰਪੁਰ ਦੀ ਰਿਟਾਇਰਮੈਂਟ ਮਿਤੀ 28-02-14 ਨੂੰ ਸੀ, ਦੇ ਸੇਵਾਕਾਲ ਵਿੱਚ ਮਿਤੀ 01-03-14 ਤੋਂ 28-02-15 ਤੱਕ ਵਾਧਾ ਦਿੱਤਾ ਗਿਆ ਸੀ। ਕਰਮਚਾਰੀ/ਕਰਮਚਾਰਨ ਦੀ ਮੰਗ ਅਨੁਸਾਰ ਮਿਤੀ 01-03-15 ਤੋਂ ਮਿਤੀ 29-02-16 ਤੱਕ (ਇਕ ਸਾਲ) ਦਾ ਹੋਰ ਵਾਧਾ, ਪੰਜਾਬ ਸਰਕਾਰ ਦੇ ਪੱਤਰ ਨੰ: 22/2/2012-3 ਐਫ.ਪੀ. 2/475-480 ਮਿਤੀ 8-10-2012, 22/02/2012-3 ਐਫ.ਪੀ.2/43 ਮਿਤੀ 22-01-2013 ਅਤੇ ਪੱਤਰ ਨੰ: 22/2/2012-3 ਐਫ.ਪੀ. 2/471-476 ਮਿਤੀ 20.09.2013 ਅਧੀਨ, ਉਸ ਵਲੋਂ ਦਿੱਤੀ ਆਪਸ਼ਨ ਦੇ ਅਧਾਰ ਤੇ ਹੇਠ ਲਿਖੀਆਂ ਸ਼ਰਤਾਂ ਤਹਿਤ ਦਿੱਤਾ ਜਾਂਦਾ ਹੈ:-

1) ਵਧੇ ਹੋਏ ਸੇਵਾਕਾਲ ਦੌਰਾਨ ਸਬੰਧਤ ਕਰਮਚਾਰੀ ਦੀ ਤਨਖਾਹ ਆਦਿ ਲਈ, ਸਰਕਾਰ ਦੀ ਨੋਟੀਫਿਕੇਸ਼ਨ ਨੰ: 22/2/2012-3 ਐਫ.ਪੀ.2/469 ਮਿਤੀ 8-10-12, ਅਤੇ ਪੱਤਰ ਨੰ: 22/2/2012-3 ਐਫ.ਪੀ. 2/471-476 ਮਿਤੀ 20.09.2013 ਅਨੁਸਾਰ ਪੰਜਾਬ ਸਿਵਲ ਸਰਵਿਸਜ (ਪਹਿਲੀ ਸੋਧ) ਰੂਲਜ ਵਾਲਿਯੂਮ-1, ਪਾਰਟ-1, 2012 ਲਾਗੂ ਹੋਵੇਗੀ, ਜਿਸ ਅਨੁਸਾਰ ਰੂਲ 3.26 ਦੀ ਕਲਾਜ (ਏ) ਅਤੇ (ਬੀ) ਸੋਧੀ ਗਈ ਹੈ।
2) ਇਸ ਕਰਮਚਾਰੀ/ ਕਰਮਚਾਰਨ ਵਿਰੁੱਧ ਕਿਸੇ ਤਰ੍ਹਾਂ ਦੀ ਵੀ ਕੋਈ ਵਿਭਾਗੀ ਇਨਕੁਆਰੀ/ ਕਰੀਮਿਨਲ ਕੇਸ ਜਾਂ ਵਿਜੀਲੈਂਸ ਕੇਸ ਪੈਂਡਿੰਗ ਹੋਵੇ ਤਾਂ ਵਿੱਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੰ: 22/2/2012-3 ਵਿ.ਪ.2/479 ਮਿਤੀ 08-10-2012 ਅਤੇ ਪੱਤਰ ਨੰ:22/2/2012-3 ਵਿ.ਪ.2/471 ਮਿਤੀ 20-09-2013 ਅਧੀਨ ਸੇਵਾਕਾਲ ਵਿਚ ਵਾਧਾ ਦੇਣ ਲਈ ਨਹੀਂ ਵਿਚਾਰਿਆ ਜਾਵੇਗਾ।
3) ਵਧੇ ਹੋਏ ਸੇਵਾ ਕਾਲ ਦੌਰਾਨ ਪੱਦ ਉਨਤੀ ਦੀ ਅਸਾਮੀ ਉਪਲਬੱਧ ਹੋਣ ਦੀ ਸੂਰਤ ਵਿਚ ਸਬੰਧਤ ਕਰਮਚਾਰੀ ਨਿਯਮਾਂ ਅਨੁਸਾਰ ਅਜਿਹੀ ਅਸਾਮੀ ਦੇ ਵਿਰੁੱਧ ਪੱਦ ਉਨਤੀ ਲਈ ਵਿਚਾਰੇ ਜਾਣ ਦਾ ਪਾਤਰ ਹੋਵੇਗਾ ਅਤੇ ਪੱਦ ਉਨਤ ਹੋਣ ਦੀ ਸੂਰਤ ਵਿਚ ਉਸਦੀ ਤਨਖਾਹ ਸਬੰਧਤ ਨਿਯਮਾਂ ਅਨੁਸਾਰ ਪੱਦ ਉਨਤੀ ਦਾ ਲਾਭ ਦਿੰਦੇ ਹੋਏ, ਨਿਸ਼ਚਿਤ ਕੀਤੀ ਜਾਵੇਗੀ।
4) ਸਬੰਧਤ ਕਰਮਚਾਰੀ ਨੂੰ ਸੇਵਾ ਨਵਿਰਤੀ ਉਪਰੰਤ ਮਿਲਣ ਯੋਗ ਸਾਰੇ ਪੈਨਸ਼ਨਰੀ ਲਾਭ ਉਸਦੇ ਸੇਵਾਕਾਲ ਵਿਚ ਕੀਤੇ ਵਾਧੇ ਦੀ ਸਮਾਪਤੀ ਹੋਣ ਉਪਰੰਤ ਹੀ ਮਿਲਣ ਯੋਗ ਹੋਣਗੇ।
5) ਇਕ ਵਾਰ ਦਿੱਤੀ ਆਪਸ਼ਨ ਅੰਤਿਮ ਮੰਨੀ ਜਾਵੇਗੀ ਅਤੇ ਇਸ ਵਿਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀਂ ਹੋਵੇਗੀ।
6) ਜੇਕਰ ਕਰਮਚਾਰੀ ਦੀ ਪੈਨਸ਼ਨ ਮਹਾਂਲੇਖਾਕਾਰ ਪੰਜਾਬ ਤੋਂ ਪ੍ਰਵਾਨਗੀ ਉਪਰੰਤ ਆਪ ਦੇ ਅਧੀਨ ਦਫਤਰ ਵਿਖੇ ਪ੍ਰਾਪਤ ਹੋ ਗਈ ਹੋਵੇ ਤਾਂ ਪੈਨਸ਼ਨਰੀ ਲਾਭਾਂ ਦੀ ਅਦਾਇਗੀ ਤੁਰੰਤ ਰੋਕ ਦਿੱਤੀ ਜਾਵੇ।
7) ਕਰਮਚਾਰੀ ਉਕਤ ਦੱਸੀਆਂ ਹਦਾਇਤਾਂ ਅਤੇ ਸਰਕਾਰ ਵਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ।
8) ਜੇਕਰ ਕਿਸੇ ਵੇਲੇ ਵੀ ਕੋਈ ਤੱਥ ਗਲਤ ਪਾਇਆ ਗਿਆ ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਸਬੰਧਤ ਜਿਲਾ ਸਿਖਿਆ ਅਫਸਰ (ਸੈ:ਸਿ:) ਅਤੇ ਸਕੂਲ ਮੁੱਖੀ ਦੀ ਹੋਵੇਗੀ।

ਬਲਬੀਰ ਸਿੰਘ
ਡਾਇਰੈਕਟਰ ਸਿਖਿਆ ਵਿਭਾਗ (ਸੈ.ਸਿ.) ਪੰਜਾਬ।

ਪਿੱਠ ਅੰਕਣ ਨੰ:ਉਕਤ 1578-80 ਮਿਤੀ,ਐਸ.ਏ.ਐਸ.ਨਗਰ : 27/1/2015

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਹੁਸ਼ਿਆਰਪੁਰ ਨੂੰ ਉਨਾਂ ਦੇ ਪੱਤਰ ਨੰ: ਅ-1/2014/70 ਮਿਤੀ 07 -01-15 ਦੇ ਹਵਾਲੇ ਵਿਚ।
2. ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਮੀਣ ਜ਼ਿਲ੍ਹਾ ਹੁਸ਼ਿਆਰਪੁਰ।
3. ਸ਼੍ਰੀਮਤੀ ਸੰਤੋਸ਼ ਕੁਮਾਰੀ, ਸ.ਸ ਮਿਸਟ੍ਰੈਸ, ਸਰਕਾਰੀ ਮਿਡਲ ਸਕੂਲ ਪੰਡੋਰੀ ਕੰਪ: ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲਮੀਣ ਜ਼ਿਲ੍ਹਾ ਹੁਸ਼ਿਆਰਪੁਰ।

27/1/15
ਸੁਪਰਡੰਟ ਕੋਆਰਡੀਨੇਸ਼ਨ ਸੈਲ